ਤੁਰੰਤ ਰਿਲੀਜ ਲਈ

# ਬ੍ਰੈਂਪਟਨ ਵਿੱਚ ਅਪ੍ਰੈਲ ਅਰਥ ਮੰਥ ਹੈ

ਸਿਟੀ ਆਫ ਬ੍ਰੈਂਪਟਨ ਦੇ ਨਾਲ ਸਾਡੇ ਪਲੈਨੈਟ ਵਿੱਚ ਨਿਵੇਸ਼ ਕਰੋ ਕਿਉਂਕਿ ਅਸੀਂ ਅਰਥ ਮੰਥ (Earth Month) ਮਨਾ ਰਹੇ ਹਾਂ।

ਸਿਟੀ ਆਫ ਬ੍ਰੈਂਪਟਨ, ਵੱਧ ਸਥਿਰ ਅਤੇ ਹਰਿਆ-ਭਰਿਆ ਭਵਿੱਖ ਤਿਆਰ ਕਰਨ ਦੇ ਉਦੇਸ਼ ਨਾਲ, ਪੂਰਾ ਮਹੀਨਾ ਕਾਰਜਕਰਮ ਅਤੇ ਗਤੀਵਿਧੀਆਂ ਪੇਸ਼ ਕਰ ਰਹੀ ਹੈ। ਪ੍ਰੋਗਰਾਮਿੰਗ ਦੀ ਸਮਾਪਤੀ, ਸ਼ਨੀਵਾਰ, 22 ਅਪ੍ਰੈਲ ਨੂੰ **ਅਰਥ ਡੇ ਐਨਵਾਇਰਨਮੈਂਟਲ ਜਸ਼ਨ (Earth Day Environmental Celebration)** ਦੇ ਨਾਲ ਹੋਵੇਗੀ।

**ਪਾਰਕਸ ਕਲੀਨ ਅਪ ਪ੍ਰੋਗਰਾਮ**

ਪਾਰਕਸ ਕਲੀਨਅਪ ਪ੍ਰੋਗਰਾਮ (Parks Cleanup Program), 1 ਅਪ੍ਰੈਲ ਤੋਂ 1 ਨਵੰਬਰ ਤੱਕ ਚੱਲੇਗਾ। ਸਕੂਲ, ਸਿਟੀ ਆਫ ਬ੍ਰੈਂਪਟਨ ਦੇ ਪਾਰਕਾਂ ਦੀ ਸਫਾਈ ਵਿੱਚ ਮਦਦ ਲਈ, ਸਕੂਲ ਚੈਲੇਂਜ (School Challenge) ਲਈ ਰਜਿਸਟਰ ਕਰ ਸਕਦੇ ਹਨ। ਹਿੱਸਾ ਲੈਣ ਵਾਲੇ ਸਕੂਲ, ਆਊਟਡੋਰ ਲਰਨਿੰਗ ਸਟੋਰ (Outdoor Learning Store) ਤੋਂ 1,000 ਡਾਲਰ ਦੇ ਗਿਫਟ ਸਰਟੀਫਿਕੇਟ ਜਿੱਤਣ ਲਈ ਇੱਕ ਡ੍ਰਾ ਲਈ ਯੋਗ ਹੋਣਗੇ।

ਕਮਿਉਨਿਟੀ ਕਲੀਨ ਅਪਸ

ਈਕੋਸੋਰਸ (Ecosource) ਵੱਲੋਂ ਆਯੋਜਿਤ ਕਮਿਉਨਿਟੀ ਕਲੀਨਅਪ
15 ਅਪ੍ਰੈਲ, 2023 ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਤੱਕ
ਨਾਈਟਸਬ੍ਰਿਜ ਪਾਰਕ (Knightsbridge Park)

ਟੋਰੋਂਟੋ ਰੀਜਨ ਕਨਜਰਵੇਸ਼ਨ ਅਥਾੱਰਿਟੀ (Toronto Region Conservation Authority) ਵੱਲੋਂ ਆਯੋਜਿਤ ਕਮਿਉਨਿਟੀ ਕਲੀਨਅਪ
22 ਅਪ੍ਰੈਲ, ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
ਲੋਫਰਸ ਲੇਕ (Loafers Lake)

ਸਿਟੀ ਆਫ ਬ੍ਰੈਂਪਟਨ ਦੇ ਪਾਰਕਸ ਡਿਪਾਰਟਮੈਂਟ (City of Brampton Parks Department) ਵੱਲੋਂ ਆਯੋਜਿਤ ਕਮਿਉਨਿਟੀ ਕਲੀਨਅਪ
29 ਅਪ੍ਰੈਲ, ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
ਕਿਵਾਨਿਸ ਪਾਰਕ (Kiwanis Park)

ਬਸੰਤ ਦੀ ਸਫਾਈ ਨੂੰ ਉਦਾਰਤਾਪੂਰਬਕ, ਅਲੈਕਟਰਾ ਇੰਕ. (Alectra Inc.) ਅਤੇ ਸੀ.ਐਨ. (CN) ਵੱਲੋਂ ਪ੍ਰਾਯੋਜਿਤ ਕੀਤਾ ਜਾ ਰਿਹਾ ਹੈ। ਪਾਰਕਾਂ ਦੀ ਸਫਾਈ ਦੇ ਪ੍ਰੋਗਰਾਮ ਅਤੇ ਕਮਿਉਨਿਟੀ ਕਲੀਨ ਅਪਸ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/cleanup ਤੇ ਜਾਓ।

**ਸਿਟੀ ਆਫ ਬ੍ਰੈਂਪਟਨ ਦਾ ਅਰਥ ਡੇ ਜਸ਼ਨ ਅਤੇ ਕਲਾਈਮੇਟ ਚੇਂਜ ਐਗਜੀਬਿਸ਼ਨ**

ਦੂਜੇ ਸਾਲਾਨਾ ਅਰਥ ਡੇ ਜਸ਼ਨ ਵਾਸਤੇ, 22 ਅਪ੍ਰੈਲ ਨੂੰ ਨੋਰਟਨ ਪਲੇਸ ਪਾਰਕ (Norton Place Park) ਵਿਖੇ ਸਾਡੇ ਨਾਲ ਜੁੜੋ। ਲੋਕਲ ਐਨਵਾਇਰਨਮੈਂਟਲ ਗਰੁੱਪਾਂ ਨਾਲ ਗੱਲਬਾਤ ਕਰੋ, ਕਲਾਈਮੇਟ ਚੇਂਜ ਐਗਜੀਬਿਸ਼ਨ (Climate Change Exhibition) ਵਿੱਚ ਹਿੱਸਾ ਲਵੋ, ਨਾਲ ਹੀ

ਮੁਫਤ ਵਿੱਚ ਰੁੱਖ ਅਤੇ ਬੀਜ ਅਤੇ ਪਰਿਵਾਰ-ਅਨੁਕੂਲਿਤ ਹੋਰਾਂ ਗਤੀਵਿਧੀਆਂ ਦਾ ਮਜ਼ਾ ਲਵੋ। ਕਾਰਜਕਰਮ ਲਈ ਰਜਿਸਟਰੇਸ਼ਨ ਕਰਨ ਤੇ ਮੁਫਤ ਲੰਚ ਪ੍ਰਦਾਨ ਕੀਤਾ ਜਾਵੇਗਾ। www.brampton.ca/earthday ਤੇ ਰਜਿਸਟਰ ਕਰੋ।

ਸਿਟੀ ਦੇ ਪਹਿਲੇ ਕਲਾਈਮੇਟ ਚੇਂਜ ਅਡਾਪਟੇਸ਼ਨ ਪਲਾਨ (Climate Change Adaptation Plan) ਦਾ ਪ੍ਰਚਾਰ ਕਰਨ ਲਈ ਸਿਟੀ, ਕਲਾਈਮੇਟ ਚੇਂਜ ਐਗਜੀਬਿਸ਼ਨ ਆਯੋਜਿਤ ਕਰੇਗੀ। ਇੱਥੇ ਆ ਕੇ ਮਹਿਮਾਨ ਸਪੀਕਰਾਂ ਨੂੰ ਸੁਣੋ, ਲਾਈਵ ਮੁਰਾਲ ਪੇਂਟਿੰਗ ਵਿੱਚ ਹਿੱਸਾ ਲਵੋ ਅਤੇ ਵਸਨੀਕਾਂ ਵੱਲੋਂ ਤਿਆਰ ਕੀਤੇ ਜਲਵਾਯੂ-ਸਬੰਧੀ ਆਰਟਵਰਕ ਨੂੰ ਦੇਖੋ। ਕਲਾਈਮੇਟ ਚੇਂਜ ਐਗਜੀਬਿਸ਼ਨ ਵਿੱਚ, ਕਲਾਈਮੇਟ ਚੇਂਜ ਆਰਟ ਕੰਪੀਟੀਸ਼ਨ (Climate Change Art Competition) ਦੇ ਜੇਤੂ ਦਾ ਐਲਾਨ ਵੀ ਕੀਤਾ ਜਾਵੇਗਾ।

**ਅਰਥ ਡੇ ਜਸ਼ਨ ਅਤੇ ਕਲਾਈਮੇਟ ਚੇਂਜ ਐਗਜੀਬਿਸ਼ਨ**
22 ਅਪ੍ਰੈਲ, ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ
ਨੋਰਟਨ ਪਲੇਸ ਪਾਰਕ

ਅਰਥ ਡੇ 2023 ਨੂੰ ਉਦਾਰਤਾਪੂਰਬਕ ਸੀ.ਐਨ. ਅਤੇ ਜੀ.ਟੀ.ਏ.ਏ. (GTAA) ਵੱਲੋਂ ਪ੍ਰਾਯੋਜਿਤ ਕੀਤਾ ਜਾ ਰਿਹਾ ਹੈ। ਪਾਰਕਿੰਗ ਲਈ ਥਾਂ ਸੀਮਿਤ ਹੈ। ਕਿਰਪਾ ਕਰਕੇ ਅਰਥ ਡੇ ਵਾਸਤੇ ਸਥਿਰ ਕਾਰਵਾਈਆਂ ਦੀ ਹਿਮਾਇਤ ਕਰਨ ਲਈ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਲੈਣ, ਸਾਈਕਿਲ ਤੇ ਜਾਂ ਪੈਦਲ ਆਉਣ ਬਾਰੇ ਸੋਚੋ।

**ਕਮਿਉਨਿਟੀ ਟ੍ਰੀ ਪਲਾਂਟਿੰਗ (Community Tree Planting)**

22 ਅਪ੍ਰੈਲ, ਟੋਰੋਂਟੋ ਰੀਜਨ ਕਨਜਰਵੇਸ਼ਨ ਅਥਾੱਰਿਟੀ (ਟੀ.ਆਰ.ਸੀ.ਏ.) ਦੀ ਭਾਈਵਾਲੀ ਵਿੱਚ
ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre), ਸਵੇਰੇ 9:30 ਵਜੇ ਤੋਂ ਦੁਪਹਿਰ 12 ਵਜੇ ਤੱਕ

23 ਅਪ੍ਰੈਲ, ਕ੍ਰੈਡਿਟ ਵੈਲੀ ਕਨਜਰਵੇਸ਼ਨ (ਸੀ.ਵੀ.ਸੀ.) (Credit Valley Conservation) (CVC) ਵੱਲੋਂ ਆਯੋਜਿਤ
ਐਂਡ੍ਰਿਊ ਮੈਕੈਂਡਲੈਸ ਪਾਰਕ (Andrew McCandless Park) ਸਵੇਰੇ 9:30 ਵਜੇ ਤੋਂ ਦੁਪਹਿਰ 12 ਵਜੇ ਤੱਕ

ਟ੍ਰੀ ਪਲਾਂਟਿੰਗ ਨੂੰ ਉਦਾਰਤਾਪੂਰਬਕ ਸੀ.ਐਨ. ਵੱਲੋਂ ਪ੍ਰਾਯੋਜਿਤ ਕੀਤਾ ਜਾ ਰਿਹਾ ਹੈ।

**ਮੁਫਤ ਰਿਹਾਇਸ਼ੀ ਰੁੱਖ ਦੇਣਾ**

22 ਅਪ੍ਰੈਲ
ਗੋਰ ਮੇਡੋਜ (Gore Meadows), ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
ਨੋਰਟਨ ਪਾਰਕ ਪਲੇਸ, ਦੁਪਹਿਰ ਬਾਅਦ 1 ਵਜੇ ਤੋਂ 3 ਵਜੇ ਤੱਕ

23 ਅਪ੍ਰੈਲ
ਐਂਡ੍ਰਿਊ ਮੈਕੈਂਡਲੈਸ ਪਾਰਕ, ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
ਫਰੈਡ ਕਲਾਈਨ ਪਾਰਕ (Fred Kline Park), ਦੁਪਹਿਰ ਬਾਅਦ 1 ਵਜੇ ਤੋਂ 3 ਵਜੇ ਤੱਕ

ਟ੍ਰੀ ਗਿਵਅਵੇਜ ਨੂੰ ਉਦਾਰਤਾਪੂਰਬਕ, ਸੀ.ਐਨ. ਅਤੇ ਪੈਰਾਡਾਈਜ ਡਿਵੈਲਪਮੈਂਟਸ (Paradise Developments) ਵੱਲੋਂ ਪ੍ਰਾਯੋਜਿਤ ਕੀਤਾ ਜਾ ਰਿਹਾ ਹੈ।

ਅਰਥ ਡੇ ਦੇ ਸਾਰੇ ਜਸ਼ਨਾਂ, ਟ੍ਰੀ ਪਲਾਂਟਿੰਗ ਅਤੇ ਟ੍ਰੀ ਗਿਵਅਵੇ ਕਾਰਜਕਰਮਾਂ ਵਾਸਤੇ ਪ੍ਰੀ-ਰਜਿਸਟਰੇਸ਼ਨ ਜ਼ਰੂਰੀ ਹੈ।

ਅਰਥ ਮੰਥ ਦੇ ਕਾਊਂਟਡਾਊਨ ਵਜੋਂ, ਸਿਟੀ ਆਫ ਬ੍ਰੈਂਪਟਨ ਨੇ ਬ੍ਰੈਂਪਟਨ ਦੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਅਤੇ ਸਾਡੇ ਪਲੈਨੈਟ ਦੀ ਸੁਰੱਖਿਆ ਲਈ, ਸਿਟੀ ਦੀ ਜ਼ੀਰੋ ਕਾਰਬਨ ਸਟ੍ਰੈਟਜੀ (Zero Carbon Strategy) ਦੇ ਹਿੱਸੇ ਵਜੋਂ, 25 ਮਾਰਚ ਨੂੰ ਇਸ ਸਾਲ ਦੇ ਅਰਥ ਆਵਰ (Earth Hour) ਵਿੱਚ ਹਿੱਸਾ ਲਿਆ ਸੀ। ਰਾਤ 8:30 ਵਜੇ ਤੋਂ 9:30 ਵਜੇ ਤੱਕ ਇਸ ਇੱਕ-ਘੰਟੇ ਦੀ ਮਿਆਦ ਵਾਸਤੇ, ਬ੍ਰੈਂਪਟਨ ਦੀਆਂ ਕਈ ਫੈਸਿਲਿਟੀਜ ਵਿਖੇ ਲਾਈਟਾਂ ਬੰਦ ਕਰਨਾ, ਇਸ ਉਦੇਸ਼ ਵਿੱਚ ਸਾਡੀ ਭਾਗੀਦਾਰੀ ਅਤੇ ਇੱਕਜੁਟਤਾ ਨੂੰ ਪ੍ਰਗਟ ਕਰਦਾ ਹੈ।

ਵਧੇਰੇ ਜਾਣਕਾਰੀ ਲਈ, www.brampton.ca/earthday ਤੇ ਜਾਓ।

**ਹਵਾਲੇ**

"ਵੱਧ ਹਰਿਆ-ਭਰਿਆ ਅਤੇ ਵੱਧ ਸਥਿਰ ਭਵਿੱਖ ਬਣਾਉਣ ਵਿੱਚ ਸਾਨੂੰ ਸਾਰਿਆਂ ਨੂੰ ਭੂਮਿਕਾ ਨਿਭਾਉਣੀ ਪਵੇਗੀ। ਸਾਨੂੰ ਪਹਿਲਾਂ ਤੋਂ ਹੀ ਖੂਬਸੂਰਤ ਅਤੇ ਸੰਪੰਨ ਕਮਿਊਨਿਟੀ ਦਾ ਹਿੱਸਾ ਹੋਣ ਤੇ ਬੇਹੱਦ ਖੁਸ਼ੀ ਹੈ ਅਤੇ ਅਸੀਂ, ਸਾਡੇ ਕਲਾਈਮੇਟ ਚੇਂਜ ਅਡਾਪਟੇਸ਼ਨ ਪਲਾਨ ਵਿੱਚ ਇਸਦਾ ਫਾਇਦਾ ਲੈ ਰਹੇ ਹਾਂ। ਅਪ੍ਰੈਲ ਵਿੱਚ ਸਾਡੇ ਨਾਲ ਜੁੜੋ ਕਿਉਂਕਿ ਅਸੀਂ ਬਸੰਤ ਦਾ ਜਸ਼ਨ ਮਨਾ ਰਹੇ ਹਾਂ ਅਤੇ ਸਾਡੇ ਟ੍ਰੀ ਗਿਵਅਵੇਜ, ਸਿੱਖਣ ਦੇ ਮੌਕਿਆਂ ਅਤੇ ਕਮਿਊਨਿਟੀ ਦੀਆਂ ਰੁੱਖ ਲਗਾਉਣ ਵਾਲੀਆਂ ਪਹਿਲਕਦਮੀਆਂ ਦੇ ਨਾਲ ਬਿਹਤਰ ਭਵਿੱਖ ਲਈ ਉਹਨਾਂ ਬੀਜਾਂ ਨੂੰ ਉਗਾਓ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca